# ਦਫ਼ਤਰ, ਡਾਇਰੈਕਟਰ ਜਰਨਲ ਸਕੂਲ ਸਿੱਖਿਆ
## ਪੰਜਾਬ ਆਈ.ਸੀ.ਟੀ.ਐਜੂਕੇਸ਼ਨ ਸੁਸਾਇਟੀ
**ਐਸ.ਸੀ.ਓ ਨੰ:162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ,ਫੋਨ ਨੰ: 172-5043258**

**ਫੈਕਸ: 0172-5043244 ਈ-ਮੇਲ: ictpunjab1@gmail.com**


ਵੱਲ

1. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)

2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈਬ ਸਾਈਟ ਰਾਹੀਂ)

ਮੀਮੋ ਨੰ: 5/4-ICT-2011/Misc/9339

ਮਿਤੀ : 26.09.2011

ਵਿਸ਼ਾ: ਸਕੂਲਾਂ ਵਿੱਚ ਕੰਮ ਕਰ ਰਹੇ ਕੰਪਿਊਟਰ ਅਧਿਆਪਕ, ਕਲਰਕ ਅਤੇ ਵਿਸ਼ਾ ਅਧਿਆਪਕਾਂ ਵਿੱਚ ਕੰਮਾਂ ਦੀ ਵੰਡ ਸਬੰਧੀ।

1. ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਕੂਲਾਂ ਵਿਚ ਕੰਪਿਊਟਰ ਟੀਚਰਾਂ ਤੋਂ ਕਾਫੀ ਮਾਤਰਾ ਦੇ ਵਿੱਚ ਦਫਤਰੀ ਕੰਮ ਕਰਵਾਇਆ ਜਾਂਦਾ ਹੈ ਅਤੇ ਨਤੀਜੇ ਵਜੋਂ ਉਹ ਕੰਪਿਊਟਰ ਸਾਇੰਸ ਪੜਾਉਣ ਦੀ ਮੌਲਿਕ ਡਿਊਟੀ ਨਾਲ ਪੂਰੀ ਤਰ੍ਹਾਂ ਇਨਸਾਫ ਨਹੀਂ ਕਰ ਪਾਉਂਦੇ। ਇਹ ਵੀ ਦੱਸਿਆ ਗਿਆ ਹੈ ਕਿ ਅਕਸਰ ਸਕੂਲ ਮੁੱਖੀ ਉਨ੍ਹਾਂ ਨੂੰ ਕਲਾਸ ਛੱਡ ਕਿ ਦਫਤਰੀ ਕੰਮ ਕਰਨ ਲਈ ਲਗਾ ਲੈਂਦਾ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਕੂਲ ਮੁੱਖੀ ਸਕੂਲ ਦਾ ਕਰਤਾ -ਧਰਤਾ ਹੋਣ ਕਰਕੇ ਕੰਪਿਊਟਰ ਟੀਚਰਾਂ ਨੂੰ ਕੋਈ ਵੀ ਕੰਮ ਸੌਂਪ ਸਕਦਾ ਹੈ, ਪਰ ਇਹ ਵੀ ਸਮਝਣਾ ਜਰੂਰੀ ਹੈ ਕਿ ਸਕੂਲ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਣਾ ਸਭ ਤੋਂ ਅਹਿਮ ਕੰਮ ਹੈ ਪਰ ਇਸ ਦੀ ਕੀਮਤ ਤੇ ਦਫਤਰੀ ਕੰਮ ਨੂੰ ਤਰਜੀਹ ਦੇਣਾ ਬਿਲਕੁੱਲ ਠੀਕ ਨਹੀਂ ਹੈ ਅਤੇ ਇਹ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

2. ਉਕਤ ਸਥਿਤੀ ਦਾ ਜਾਇਜਾ ਲੈਣ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਹੈ ਕਿ ਕੰਪਿਊਟਰ ਟੀਚਰ ਵੈਬਸਾਈਟ ਤੋਂ ਡਾਕ download ਕਰਕੇ ਸਕੂਲ ਮੁੱਖੀ ਨੂੰ ਪੁੱਟਅਪ ਕਰਨਗੇ ਅਤੇ ਇਸ ਤੋਂ ਇਲਾਵਾ MIS/GIS ਨਾਲ ਸਬੰਧਤ ਡਾਟਾ ਦੀ ਐਂਟਰੀ ਦਾ ਸਾਰਾ ਕੰਮ (ਇਮਤਿਹਾਨਾਂ ਦੇ ਨਤੀਜੇ ਅਤੇ CCE ਦੇ ਡਾਟਾ ਤੋਂ ਇਲਾਵਾ ) ਉਨ੍ਹਾਂ ਦੁਆਰਾ ਕੀਤਾ ਜਾਵੇਗਾ। ਸਕੂਲ ਦਾ ਕਲਰਕ ਦਫਤਰ ਦਾ ਪੂਰਾ ਕੰਮ ਸੰਭਾਲੇਗਾ ਅਤੇ ਸਾਰੀ Typing ਆਪ ਕਰੇਗਾ। ਵਿਸ਼ਾ ਟੀਚਰ ਆਪਣੇ ਵਿਸੇ ਨਾਲ ਸਬੰਧਤ ਸਾਰਾ ਡਾਟਾ (ਇਮਤਿਹਾਨਾਂ ਦੇ ਨਤੀਜੇ ਅਤੇ CCE ਦੇ ਡਾਟਾ ਸਮੇਤ) ਆਪ ਐਂਟਰ ਕਰਨਗੇ।

3. ਇੱਥੇ ਇਹ ਦੱਸਣਾ ਮਹੱਤਵਪੂਰਨ ਹੈ ਕਿ ਸਕੂਲਾਂ ਵਿੱਚ ਸਾਰੇ ਵਿਸ਼ਾ ਟੀਚਰਾਂ ਨੂੰ ਕੰਪਿਊਟਰ ਤੇ ਕੰਮ ਕਰਨਾ ਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਡਾਟਾ ਐਂਟਰੀ ਕਰਨ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਜਿਨ੍ਹਾਂ ਵਿਸ਼ਾ ਟੀਚਰਾਂ ਨੂੰ ਕੰਪਿਊਟਰ ਚਲਾਉਣਾ ਨਹੀਂ ਆਉਂਦਾ ਉਨ੍ਹਾਂ ਦੀ ਟ੍ਰੇਨਿੰਗ ਸਕੂਲ ਮੁੱਖੀ ਦੇ ਵੱਲੋਂ ਕੰਪਿਊਟਰ ਟੀਚਰਾਂ ਰਾਹੀਂ ਨਿਯਮਿਤ ਤੌਰ ਤੇ ਉਦੋਂ ਤੱਕ ਕਰਵਾਈ ਜਾਵੇਗੀ ਜਦੋਂ ਤੱਕ ਵਿਸ਼ਾ ਟੀਚਰ ਲੋੜੀਂਦੀ ਮਹਾਰਤ ਹਾਸਲ ਨਹੀਂ ਕਰ ਲੈਂਦਾ ਹੈ।

ਡਾਇਰੈਕਟਰ ਜਰਨਲ ਸਕੂਲ ਸਿੱਖਿਆ,

ਪੰਜਾਬ।